# ਮਰੀਜ਼ਾਂ ਲਈ ਵੀਡੀਓ ਸਲਾਹ-ਮਸ਼ਵਰੇ ਦੀ ਜਾਣਕਾਰੀ

NHS

## ਮਰੀਜ਼ਾਂ ਲਈ ਇੱਕ ਤਤਕਾਲ ਗਾਈਡ



## ਇਸਦੀ ਚੋਣ ਕਿਉਂ ਕੀਤੀ ਜਾਵੇ?



ਜੇਕਰ ਤੁਸੀਂ ਸਮਾਜਕ ਦੂਰੀ ਬਣਾ ਰਹੇ ਹੋ ਜਾਂ ਤੁਹਾਨੂੰ ਆਈਸੋਲੇਟ ਕੀਤਾ ਹੋਇਆ ਹੈ, ਤਾਂ ਤੁਸੀਂ ਹਾਲੇ ਵੀ ਐੱਨ.ਐੱਚ.ਐੱਸ (NHS) ਮੁਲਾਕਾਤਾਂ ਕਰ ਸਕਦੇ ਹੋ



ਅਸੀਂ ਦੇਖ ਸਕਦੇ ਹਾਂ ਕਿ ਤੁਸੀਂ ਕਿਵੇਂ ਹੋ



ਇਸ ਨਾਲ ਤੁਹਾਡੇ ਤਣਾਅ, ਸਮੇਂ ਅਤੇ ਪੈਸੇ ਦੀ ਬੱਚਤ ਹੋ ਸਕਦੀ ਹੈ



ਕਾਲਾਂ ਮਹਿਫੂਜ਼ ਅਤੇ ਸੁਰੱਖਿਅਤ ਹਨ

## ਤੁਹਾਨੂੰ ਕੀ ਚਾਹੀਦਾ ਹੈ



ਇੱਕ ਚਾਰਜਡ ਕੰਪਿਊਟਰ, ਕੈਮਰੇ ਅਤੇ ਮਾਈਕਰੋਫੋਨ ਵਾਲਾ ਟੈਬਲੇਟ ਜਾਂ ਸਮਾਰਟਫੋਨ




ਇਕ ਸ਼ਾਂਤ, ਚੰਗੀ-ਰੌਸ਼ਨੀ ਵਾਲੀ ਜਗ੍ਹਾ ਜਿੱਥੇ ਤੁਸੀਂ ਪ੍ਰੇਸ਼ਾਨ ਨਹੀਂ ਹੋਵੋਗੇ



ਇੱਕ ਚੰਗਾ ਇੰਟਰਨੈਟ ਕਨੈਕਸ਼ਨ

ਇਸ ਦੁਆਰਾ ਤਿਆਰ ਕੀਤਾ ਗਿਆ

UNIVERSITY OF OXFORD

ਓਵਰਲੀਫ ਜਾਰੀ ਰੱਖੋ

ਫੰਡ ਦੇਣ ਵਾਲੇ

The Health Foundation | SUPPORTED BY NIHR National Institute for Health Research | heif HIGHER EDUCATION INNOVATION FUND | wellcome

ਯੋਗਦਾਨੀ

Barts Health NHS Trust | Near Me | Design Science

## ਸੈਟਿੰਗ ਕਰਨਾ

**1**



ਅਸੀਂ ਤੁਹਾਨੂੰ ਤੁਹਾਡੀ ਮੁਲਾਕਾਤ ਦੇ ਸਮਾਂ ਅਤੇ ਤੁਹਾਨੂੰ ਲੋੜੀਂਦੀ ਕਿਸੇ ਵੀ ਜਾਣਕਾਰੀ ਨੂੰ ਈਮੇਲ ਕਰਾਂਗੇ, ਜੇ ਤੁਹਾਨੂੰ ਤੁਹਾਡੀ ਮੁਲਾਕਾਤ ਨੂੰ ਈਮੇਲ, ਲਿਖਤੀ ਸੁਨੇਹਾ ਜਾਂ ਪੱਤਰ ਦੁਆਰਾ ਪ੍ਰਾਪਤ ਕਰਨ ਲਈ ਲੋੜੀਂਦੀ ਹੋਵੇਗੀ

**2**



ਅਸੀਂ ਤੁਹਾਨੂੰ ਇੱਕ ਲਿਖਤੀ ਸੁਨੇਹਾ ਰਿਮਾਈਂਡਰ ਭੇਜ ਸਕਦੇ ਹਾਂ।

**3**




ਇਹ ਯਕੀਨੀ ਬਣਾਓ ਕਿ ਤੁਸੀਂ ਆਪਣੀ ਮੁਲਾਕਾਤ ਤੋਂ ਪਹਿਲਾਂ ਸਾਫਟਵੇਅਰ ਤੋਂ ਜਾਣੂੰ ਹੋ।

**4**



ਆਪਣੀ ਸਲਾਹ-ਮਸ਼ਵਰੇ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਕਾਲ ਤੋਂ ਪਹਿਲਾਂ ਪ੍ਰਸ਼ਨਾਂ ਜਾਂ ਮੁੱਦਿਆਂ ਦੀ ਇਕ ਸੂਚੀ ਬਣਾਓ।

## ਵੀਡੀਓ ਕਾਲ ਸ਼ੁਰੂ ਕਰਨਾ

**5**




ਤੁਹਾਡੀ ਮੁਲਾਕਾਤ ਤੋਂ ਕੁਝ ਮਿੰਟ ਪਹਿਲਾਂ ਵੀਡੀਓ ਕਾਲ ਸੌਫ਼ਟਵੇਅਰ ਨੂੰ ਸ਼ੁਰੂ ਕਰੋ, ਤੁਹਾਨੂੰ ਕਲਿੱਕ ਕਰਨ ਲਈ ਇੱਕ ਲਿੰਕ ਦਿੱਤਾ ਜਾ ਸਕਦਾ ਹੈ

**6**




ਤੁਹਾਨੂੰ ਤੁਹਾਡੀ ਜਨਮ ਤਾਰੀਖ਼ ਅਤੇ ਫ਼ੋਨ ਨੰਬਰ ਦੀ ਪੁਸ਼ਟੀ ਕਰਨ ਲਈ ਕਿਹਾ ਜਾ ਸਕਦਾ ਹੈ, ਜੇ ਸਾਡਾ ਸੰਪਰਕ ਟੁੱਟ ਗਿਆ ਤਾਂ ਜੋ ਅਸੀਂ ਤੁਹਾਨੂੰ ਕਾਲ ਕਰ ਸਕੀਏ

**7**



ਤੁਹਾਡਾ ਡਾਕਟਰ ਜਾਂ ਨਰਸ ਤੁਹਾਡੇ ਨਾਲ ਸ਼ਾਮਲ ਹੋਣਗੇ ਜਾਂ ਜਦੋਂ ਉਹ ਤਿਆਰ ਹੋਣਗੇ, ਤਾਂ ਤੁਹਾਨੂੰ ਕਾਲ ਕਰਨਗੇ

**8**




ਆਪਣੇ ਡਾਕਟਰ ਜਾਂ ਨਰਸ ਨੂੰ ਹੈਲੋ ਕਹੋ ਜਾਂ ਹੱਥ ਹਿਲਾਓ

## ਸਲਾਹ-ਮਸ਼ਵਰਾ

**9**



ਤੁਹਾਡੇ ਵੱਲੋਂ ਗੱਲ ਕਰਨ ਵੇਲੇ ਸਕ੍ਰੀਨ 'ਤੇ ਆਪਣੇ ਡਾਕਟਰ ਜਾਂ ਨਰਸ ਦਾ ਚਿਹਰਾ ਦੇਖੋ, ਇੱਥੇ ਤੁਹਾਡੇ ਕੈਮਰੇ ਨੂੰ ਸਿੱਧਾ ਦੇਖਣ ਦੀ ਜ਼ਰੂਰਤ ਨਹੀਂ ਹੈ

**10**



ਜੇਕਰ ਸਭ ਕੁਝ ਠੀਕ ਰਹਿੰਦਾ ਹੈ, ਤਾਂ ਕਾਲ ਆਹਮਣੇ-ਸਾਹਮਣੇ ਦੀ ਮੁਲਾਕਾਤ ਵਾਂਗ ਮਹਿਸੂਸ ਹੋਵੇਗੀ

**11**



ਜੇ ਤੁਸੀਂ ਸਾਨੂੰ ਕੁਝ ਦਿਖਾਉਣਾ ਚਾਹੁੰਦੇ ਹੋ, ਜਿਵੇਂ ਕਿ ਜਿੱਥੇ ਇਹ ਦੁਖਦਾਈ ਹੁੰਦਾ ਹੈ, ਤਾਂ ਤੁਸੀਂ ਸਕ੍ਰੀਨ ਕੈਮਰੇ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ

**12**




ਜੇ ਕੁਝ ਗਲਤ ਹੋ ਜਾਂਦਾ ਹੈ ਅਤੇ ਤੁਸੀਂ ਡਿਸਕਨੈਕਟ ਹੋ ਜਾਂਦੇ ਹੋ, ਅਸੀਂ ਤੁਹਾਨੂੰ ਇਸ ਦੀ ਬਜਾਏ ਫ਼ੋਨ ਕਰਾਂਗੇ

## ਵੀਡੀਓ ਕਾਲ ਖਤਮ ਹੋ ਰਹੀ ਹੈ

**13**




ਤੁਹਾਡੇ ਜਾਣ ਤੋਂ ਪਹਿਲਾਂ ਸਾਨੂੰ ਕੋਈ ਵੀ ਸਵਾਲ ਪੁੱਛੋ ਜੇ ਤੁਸੀਂ ਚਾਹੁੰਦੇ ਹੋ

**14**




ਅਸੀਂ ਤੁਹਾਡੀ ਅਗਲੀ ਵੀਡੀਓ ਮੁਲਾਕਾਤ, ਤਜਵੀਜ਼ ਜਾਂ ਆਹਮਣੇ-ਸਾਹਮਣੇ ਮੁਲਾਕਾਤ ਦਾ ਇੰਤਜ਼ਾਮ ਕਰਾਂਗੇ

**15**



ਅਸੀਂ ਜਾਣ ਤੋਂ ਪਹਿਲਾਂ ਅਲਵਿਦਾ ਕਹਾਂਗੇ

**16**



ਭਵਿੱਖ ਦੇ ਸਲਾਹ-ਮਸ਼ਵਰੇ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕਰਨ ਲਈ ਤੁਸੀਂ ਆਪਣੀ ਫੀਡਬੈਕ ਛੱਡ ਸਕਦੇ ਹੋ